-92-

ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

ਨੋਟੀਫਿਕੇਸ਼ਨ

Availed 26/8/2020.

ਨੰ: 11/148/2014-3ਸਿ1/2061

ਮਿਤੀ, ਚੰਡੀਗੜ੍ਹ 26/8/2020.

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਵਿਚ ਸਹਾਇਕ ਪ੍ਰੋਫੈਸਰਾਂ ਦੀਆਂ ਖਾਲੀ 1925 ਆਸਾਮੀਆਂ ਵਿਰੁੱਧ ਭਰਤੀ 283 ਸਹਾਇਕ ਪ੍ਰੋਫੈਸਰਾਂ (ਜਿੰਨ੍ਹਾਂ ਦਾ ਤਿੰਨ ਸਾਲ ਦਾ ਸਮਾਂ ਮਿਤੀ 30-09-2019 ਤੱਕ ਪੂਰਾ ਹੋ ਚੁੱਕਾ ਹੈ), ਦੀ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਤਨਖਾਹ ਦੀ ਗ੍ਰਾਂਟ (75% ਗ੍ਰਾਂਟ ਇੰਨ ਏਡ ਸਕੀਮ ਤਹਿਤ) ਦੇਣ ਦੀ ਪ੍ਰਵਾਨਗੀ ਦਿੰਦੇ ਹਨ।

ਸਬੰਧਤ ਕਾਲਜਾਂ ਦੀਆਂ ਮੈਨੇਜ਼ਮੈਂਟਾਂ ਇੰਨ੍ਹਾਂ 283 ਸਹਾਇਕ ਪ੍ਰੋਫੈਸਰਾਂ ਨੂੰ ਉਹਨਾਂ ਦੇ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਕਰਨ ਸਬੰਧੀ ਮੁਕੰਮਲ ਕਾਰਵਾਈ ਆਪਣੇ ਪੱਧਰ ਤੇ ਕਰਨਗੀਆਂ । ਮੈਨੇਜ਼ਮੈਂਟਾਂ ਇਹਨਾਂ 283 ਸਹਾਇਕ ਪ੍ਰੋਫੈਸਰਾਂ ਨੂੰ ਰੈਗੂਲਰ ਕਰਨ ਸਬੰਧੀ ਅਗਲੇਰੀ ਕਾਰਵਾਈ ਕਰਦੇ ਸਮੇਂ ਪੰਜਾਬ ਸਰਕਾਰ, ਸਬੰਧਤ ਯੂਨੀਵਰਸਿਟੀ, ਯੂ.ਜੀ.ਸੀ. ਅਤੇ ਗ੍ਰਾਂਟ ਇੰਨ ਏਡ ਸਕੀਮ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਪਾਬੰਦ ਹੋਣਗੀਆਂ ।

ਮਿਤੀ, ਚੰਡੀਗੜ੍ਹ

Bhandari
(ਰਾਹੁਲ ਭੰਡਾਰੀ)
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ

ਪਿੱਠ ਅੰ: ਨੰ: 11/148/2014/3ਸਿ1/2062

ਮਿਤੀ, ਚੰਡੀਗੜ੍ਹ 26/8/2020

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜਟ ਵਿੱਚ ਛਪਾਉਣ ਉਪਰੰਤ ਇਸ ਦੀਆਂ 15 ਕਾਪੀਆਂ ਰਿਕਾਰਡ ਲਈ ਡਾਇਰੈਕਟਰ ਸਿੱਖਿਆ ਵਿਭਾਗ (ਕ) ਪੰਜਾਬ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ, ਉਚੇਰੀ ਸਿੱਖਿਆ

ਪਿੱਠ ਅੰ: ਨੰ: 11/148/2014/3ਸਿ1/2063-2066

ਮਿਤੀ, ਚੰਡੀਗੜ੍ਹ 26/8/2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਉਤਾਰਾ ਡੀ.ਪੀ.ਆਈ. (ਕ) ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਕਾਰਵਾਈ 15 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਦੀਆਂ ਮੈਨੇਜ਼ਮੈਂਟਾਂ/ਪ੍ਰਿੰਸੀਪਲਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ।
2. ਸਕ/ ਉਚੇਰੀ ਸਿੱਖਿਆ ਮੰਤਰੀ, ਪੰਜਾਬ।
3. ਸਕ/ ਵਿੱਤ ਮੰਤਰੀ, ਪੰਜਾਬ।
4. ਸਕ/ ਮੁੱਖ ਸਕੱਤਰ, ਪੰਜਾਬ।

ਵਿਸ਼ੇਸ਼ ਸਕੱਤਰ, ਉਚੇਰੀ ਸਿੱਖਿਆ

ਅੰਦਰੂਨੀ ਵੰਡ:
ਸਕ/ਸ.ਉ.ਸਿ.
ਨਿ.ਸਹ:/ਵਿ.ਸ.ਉ.ਸਿ.

Scanned with CamScanner

ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

ਨੋਟੀਫਿਕੇਸ਼ਨ

ਨੰ: 11/148/2014-3ਸਿ1/1766 ਮਿਤੀ, ਚੰਡੀਗੜ੍ਹ - 6.8.2021

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਵਿਚ ਸਹਾਇਕ ਪ੍ਰੋਫੈਸਰਾਂ ਦੀਆਂ ਖਾਲੀ 1925 ਆਸਾਮੀਆਂ ਵਿਰੁੱਧ ਭਰਤੀ 118 ਸਹਾਇਕ ਪ੍ਰੋਫੈਸਰਾਂ (ਜਿੰਨ੍ਹਾਂ ਦਾ ਤਿੰਨ ਸਾਲ ਦਾ ਸਮਾਂ ਮਿਤੀ 01-10-2019 ਤੋਂ 31-05-2020 ਤੱਕ ਪੂਰਾ ਹੋ ਚੁੱਕਾ ਹੈ), ਦੀ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਤਨਖਾਹ ਦੀ ਗ੍ਰਾਂਟ (75% ਗ੍ਰਾਂਟ ਇੰਨ ਏਡ ਸਕੀਮ ਤਹਿਤ) ਦੇਣ ਦੀ ਪ੍ਰਵਾਨਗੀ ਦਿੰਦੇ ਹਨ।

ਸਬੰਧਤ ਕਾਲਜਾਂ ਦੀਆਂ ਮੈਨੇਜ਼ਮੈਂਟਾਂ ਇੰਨ੍ਹਾਂ 118 ਸਹਾਇਕ ਪ੍ਰੋਫੈਸਰਾਂ ਨੂੰ ਉਹਨਾਂ ਦੇ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਕਰਨ ਸਬੰਧੀ ਮੁਕੰਮਲ ਕਾਰਵਾਈ ਆਪਣੇ ਪੱਧਰ ਤੇ ਕਰਨਗੀਆਂ । ਮੈਨੇਜ਼ਮੈਂਟਾਂ ਇਹਨਾਂ 118 ਸਹਾਇਕ ਪ੍ਰੋਫੈਸਰਾਂ ਨੂੰ ਰੈਗੂਲਰ ਕਰਨ ਸਬੰਧੀ ਅਗਲੇਰੀ ਕਾਰਵਾਈ ਕਰਦੇ ਸਮੇਂ ਪੰਜਾਬ ਸਰਕਾਰ, ਸਬੰਧਤ ਯੂਨੀਵਰਸਿਟੀ, ਯੂ.ਜੀ.ਸੀ. ਅਤੇ ਗ੍ਰਾਂਟ ਇੰਨ ਏਡ ਸਕੀਮ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਪਾਬੰਦ ਹੋਣਗੀਆਂ ।

ਮਿਤੀ, ਚੰਡੀਗੜ੍ਹ
05.08.2021

(ਜੀ ਰਮੇਸ਼ ਕੁਮਾਰ)
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ

ਪਿੱਠ ਅੰ: ਨੰ: 11/148/2014/3ਸਿ1/ 1767 ਮਿਤੀ, ਚੰਡੀਗੜ੍ਹ - 6.8.2021

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜਟ ਵਿੱਚ ਛਪਾਇਆ ਜਾਵੇ।

ਵਿਸ਼ੇਸ਼ ਸਕੱਤਰ, ਉਚੇਰੀ ਸਿੱਖਿਆ

ਪਿੱਠ ਅੰ: ਨੰ: 11/148/2014/3ਸਿ1/1768-71 ਮਿਤੀ, ਚੰਡੀਗੜ੍ਹ- 6.8.2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਉਤਾਰਾ ਡੀ.ਪੀ.ਆਈ. (ਕ) ਨੂੰ ਉਹਨਾਂ ਦੇ ਮੀਮੋ ਨੰ: 21/05/-2018 ਗ੍ਰਾਂਟ-1(4)/182, ਮਿਤੀ 11/02/2021 ਦੇ ਹਵਾਲੇ ਵਿਚ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਕਾਰਵਾਈ 15 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਦੀਆਂ ਮੈਨੇਜ਼ਮੈਂਟਾਂ/ਪ੍ਰਿੰਸੀਪਲਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ।
2. ਸਕ/ ਉਚੇਰੀ ਸਿੱਖਿਆ ਮੰਤਰੀ, ਪੰਜਾਬ।
3. ਸਕ/ ਵਿੱਤ ਮੰਤਰੀ, ਪੰਜਾਬ।
4. ਸਕ/ ਮੁੱਖ ਸਕੱਤਰ, ਪੰਜਾਬ।

ਵਿਸ਼ੇਸ਼ ਸਕੱਤਰ, ਉਚੇਰੀ ਸਿੱਖਿਆ

<u>ਅੰਦਰੂਨੀ ਵੰਡ:</u>
ਸਕ/ਪ੍ਰ.ਸ.ਉ.ਸਿ.
ਸਕ/ਸ.ਉ.ਸਿ.
ਨਿ.ਸਹ:/ਵਿ.ਸ.ਉ.ਸਿ.

ਪੰਜਾਬ ਸਰਕਾਰ

ਉਚੇਰੀ ਸਿੱਖਿਆ ਵਿਭਾਗ

(ਸਿੱਖਿਆ-1 ਸ਼ਾਖਾ)

**<u>ਨੋਟੀਫਿਕੇਸ਼ਨ</u>**

ਨੰ. 11/148//2014-3ਸਿ.1/ 6719 ਮਿਤੀ, ਚੰਡੀਗੜ੍ਹ: 23|12|2021

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਵਿਚ ਵੱਖ-ਵੱਖ ਵਿਸ਼ਿਆ ਦੀਆਂ ਸਹਾਇਕ ਪ੍ਰੋਫੈਸਰਾਂ ਦੀਆਂ ਖਾਲੀ 1925 ਅਸਾਮੀਆਂ ਵਿਰੁੱਧ ਭਰਤੀ ਸਹਾਇਕ ਪ੍ਰੋਫੈਸਰਾਂ ਨੂੰ ਰੇਗੂਲਰ ਕਰਨ ਲਈ ਨਿਮਨ ਅਨੁਸਾਰ ਪ੍ਰਵਾਨਗੀਆਂ ਦਿੰਦੇ ਹਨ:-

1. ਮਾਨਯੋਗ ਮੰਤਰੀ ਮੰਡਲ ਵਲੋਂ ਮਿਤੀ 11-06-2014 ਅਤੇ 23-09-2014 ਦੀਆਂ ਮੀਟਿੰਗਾਂ ਵਿਚ ਕੀਤੇ ਗਏ ਫੈਸਲੇ ਅਨੁਸਾਰ ਸ਼ਰਤਾ ਪੂਰੀਆਂ ਕਰਨ ਵਾਲੇ ਅਧਿਆਪਕਾਂ/ਸਹਾਇਕ ਪ੍ਰੋਫੈਸਰਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਉਚਿਤ ਆਦੇਸ਼ ਜਾਰੀ ਕਰਨ ਦੇ ਅਧਿਕਾਰ ਪ੍ਰਬੰਧਕੀ ਵਿਭਾਗ ਨੂੰ ਦਿੱਤੇ ਜਾਂਦੇ ਹਨ ।
2. ਮਾਨਯੋਗ ਮੰਤਰੀ ਪ੍ਰੀਸ਼ਦ ਦੀ ਮਿਤੀ 24-07-2019 ਨੂੰ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲੇ ਦੇ ਸਨਮੁੱਖ ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਵਿਚ ਸਹਾਇਕ ਪ੍ਰੋਫੈਸਰਾਂ ਦੀਆਂ ਖਾਲੀ 1925 ਆਸਾਮੀਆਂ ਵਿਰੁੱਧ ਭਰਤੀ 127 ਸਹਾਇਕ ਪ੍ਰੋਫੈਸਰ ਜਿੰਨ੍ਹਾਂ ਦੇ ਤਿੰਨ ਸਾਲ ਮਿਤੀ 04-09-2018 ਨੂੰ ਪੂਰੇ ਹੋ ਚੁੱਕੇ ਹਨ, ਨੂੰ ਉਨ੍ਹਾਂ ਦੇ ਤਿੰਨ ਸਾਲ ਪੂਰੇ ਹੋਣ ਦੀ ਮਿਤੀ ਤੋਂ ਰੈਗੂਲਰ ਕਰਨ ਦੀ ਪ੍ਰਵਾਨਗੀ ।
3. ਰਾਜ ਦੇ ਗ੍ਰਾਂਟ ਇੰਨ ਏਡ ਕਾਲਜਾਂ ਵਿਚ ਭਰਤੀ ਨਾਨ-ਟੀਚਿੰਗ ਸਟਾਫ, ਜਿਨ੍ਹਾਂ ਨੇ ਤਿੰਨ ਸਾਲ ਦਾ ਸਮਾਂ ਪੂਰਾ ਕਰ ਲਿਆ ਹੈ, ਉਨ੍ਹਾਂ ਦੀਆਂ ਸੇਵਾਵਾਂ ਨੂੰ ਵੀ ਸਹਾਇਕ ਪ੍ਰੋਫੈਸਰਾਂ ਵਾਂਗ ਹੀ ਰੈਗੂਲਰ ਕਰਨ ਦੀ ਪ੍ਰਵਾਨਗੀ ।

ਇਹ ਪ੍ਰਵਾਨਗੀ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 17-12-2021 ਵਿਚ ਹੋਏ ਫੈਸਲੇ ਅਨੁਸਾਰ, ਜੋ ਕਿ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸ਼ਾਖਾ) ਦੇ ਅੰ.ਵਿ.ਪੱ.ਨੰ.1/348/2021-1ਕੈਬਨਿਟ/9964, ਮਿਤੀ 17-12-2021 ਰਾਹੀਂ ਪ੍ਰਾਪਤ ਹੋਈ ਹੈ, ਦੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ ।

ਮਿਤੀ, ਚੰਡੀਗੜ੍ਹ:
23.12.2021

(ਕ੍ਰਿਸ਼ਨ ਕੁਮਾਰ)
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ

ਪਿੱਠ.ਅੰ.ਨੰ. 11/148/2014-3ਸਿ.1|6720 ਮਿਤੀ, ਚੰਡੀਗੜ੍ਹ: 23|12|2021

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜ਼ਟ ਵਿੱਚ ਛਪਾਉਣ ਦੀ ਖੇਚਲ ਕੀਤੀ ਜਾਵੇ ।

ਸਕੱਤਰ, ਉਚੇਰੀ ਸਿੱਖਿਆ

ਪਿੱਠ.ਅੰ.ਨੰ.11/148/2014-3ਸਿ.1/6721 -6727 ਮਿਤੀ, ਚੰਡੀਗੜ੍ਹ: 23|12|2021

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ।
2. ਨਿੱਜੀ ਸਕੱਤਰ/ਉਚੇਰੀ ਸਿੱਖਿਆ ਮੰਤਰੀ, ਪੰਜਾਬ ਸਰਕਾਰ ।

3. ਨਿੱਜੀ ਸਕੱਤਰ/ਵਿੱਤ ਮੰਤਰੀ, ਪੰਜਾਬ ਸਰਕਾਰ ।
4. ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ ।
5. ਨਿੱਜੀ ਸਕੱਤਰ/ਸਕੱਤਰ, ਉਚੇਰੀ ਸਿੱਖਿਆ, ਪੰਜਾਬ ਸਰਕਾਰ ।
6. ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ), ਪੰਜਾਬ, ਐਸ.ਏ.ਐਸ. ਨਗਰ ਨੂੰ ਮੰਤਰੀ ਪ੍ਰੀਸ਼ਦ ਵਿਚ ਪੇਸ਼ ਕੀਤੇ ਮੈਮੋਰੰਡਮ ਅਤੇ ਫੈਸਲੇ ਦੀ ਕਾਪੀ ਅਗਲੇਰੀ ਕਾਰਵਾਈ ਹਿੱਤ ਨੱਥੀ ਕੀਤੀ ਜਾਂਦੀ ਹੈ ।
7. ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਹਨਾਂ ਦੇ ਅੰ.ਵਿ.ਪ.ਨੰ. 1/348/2021-1ਕੈਬਨਿਟ/9964, ਮਿਤੀ 17-12-2021 ਦੇ ਹਵਾਲੇ ਵਿਚ ।

ਸਕੱਤਰ, ਉਚੇਰੀ ਸਿੱਖਿਆ